ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।
(S.S.S. Board, Punjab)
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।

## ਜਨਤਕ ਨੋਟਿਸ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ: 06 ਆਫ 2015 ਰਾਹੀਂ ਖੇਤੀਬਾੜੀ ਵਿਭਾਗ ਦੀਆਂ ਜੂਨੀਅਰ ਤਕਨੀਸ਼ੀਅਨ ਦੀ 80 ਆਸਾਮੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਜਿਨ੍ਹਾਂ ਦੀ ਕਾਉਂਸਲਿੰਗ ਕਰਵਾਉਣ ਉਪਰੰਤ ਯੋਗ ਉਮੀਦਵਾਰਾਂ ਦੀ ਸਿਫਾਰਸ਼ ਸਬੰਧਤ ਵਿਭਾਗ ਨੂੰ ਭੇਜੀ ਗਈ ਸੀ। ਸਬੰਧਤ ਵਿਭਾਗ ਵਲੋਂ ਨਾਨ-ਜੁਆਇਨਿੰਗ ਰਿਪੋਰਟ ਅਨੁਸਾਰ ਪੱਛੜੀ ਸ੍ਰੇਣੀ ਦੀਆਂ 10, ਅਨੁਸੂਚਿਤ ਜਾਤੀ (ਆਰ.ਓ.) ਦੀਆਂ - 04 ਅਤੇ ਅਨੁਸੂਚਿਤ ਜਾਤੀ (ਐਮ.ਬੀ.) ਕੈਟਾਗਰੀਆਂ ਦੀਆਂ - 04 ਆਸਾਮੀਆਂ ਖਾਲੀ ਰਹਿ ਗਈਆਂ ਹਨ, ਜਿਨ੍ਹਾਂ ਦੀ ਭਰਤੀ ਲਈ ਅਗਲੇ ਉਪਲਬੱਧ ਤਿੰਨ ਗੁਣਾ ਉਮੀਦਵਾਰਾਂ ਦੀ ਕਾਉਸਲਿੰਗ ਮਿਤੀ 27.10.2017 ਨੂੰ ਕਰਵਾਈ ਗਈ ਸੀ। ਇਸ ਲਈ ਮਿਤੀ 29.09.2016 ਅਤੇ ਮਿਤੀ 27.10.2017 ਨੂੰ ਹੋਈ ਕਾਉਸਲਿੰਗ ਲਈ ਉਕਤ ਕੈਟਜਗਰੀਆਂ ਦੇ ਹੇਠਾਂ ਅੰਕਿਤ ਮੈਰਿਟ ਤੱਕ ਬੁਲਾਏ ਗਏ ਉਮੀਦਵਾਰਾਂ ਵਿੱਚੋਂ ਹਾਜਰ ਨਾ ਹੋ ਸਕਣ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੇ ਦਫਤਰ ਵਿਖੇ ਆਪਣੇ ਅਸਲ ਦਸਤਾਵੇਜ਼ ਨਾਲ ਲੈ ਕੇ ਮਿਤੀ 15.12.2017 ਨੂੰ ਕਾਉਂਸਲਿੰਗ ਲਈ ਸਵੇਰੇ 9.00 ਵਜੇ ਹਾਜ਼ਰ ਹੋਣ:-

B.C. Cut of Merit - 71.21%
SC(M&B) Cut of Merit - 62.90%
SC(R&O) Cut of Merit - 71.71%

ਸਬੰਧਤ ਉਮੀਦਵਾਰ ਮਿਤੀ 15.12.2017 ਨੂੰ ਸਵੇਰੇ 9.00 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੇ ਦਫਤਰ ਵਿਖੇ ਕਾਉਂਸਲਿੰਗ ਲਈ ਸਮੇਤ ਆਪਣੇ ਵਿਦਿਅਕ ਯੋਗਤਾ ਅਤੇ ਹੋਰ ਲੋੜੀਂਦੇ ਅਸਲ ਦਸਤਾਵੇਜਾਂ, ਜਿਨ੍ਹਾਂ ਦੀ ਤਫਸੀਲ ਹੇਠ ਅੰਕਿਤ ਹੈ, ਨਾਲ ਲੈ ਕੇ ਹਾਜ਼ਰ ਹੋਣਾ ਯਕੀਨੀ ਬਨਾਉਣ :-

1) ਜਨਮ ਮਿਤੀ ਅਤੇ ਪੰਜਾਬੀ ਪਾਸ ਦੇ ਸਬੂਤ ਵਜੋਂ ਮੈਟਰਿਕ ਦਾ ਅਸਲ ਸਰਟੀਫਿਕੇਟ;
2) ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ (ਡਿਟੇਲਡ ਮਾਰਕਸ ਕਾਰਡ ਅਤੇ ਡਿਗਰੀ);
3) ਉਮੀਦਵਾਰ ਵਲੋਂ ਆਨਲਾਈਨ ਅਪਲਾਈ ਕੀਤੇ ਐਪਲੀਕੇਸ਼ਨ ਫਾਰਮ ਦੀ ਕਾਪੀ ;

4) ਦੋ ਪਾਸਪੋਰਟ ਸਾਈਜ ਫੋਟੋਆਂ ;

5) ਸ਼ਨਾਖਤੀ ਸਬੂਤ ਵਜੋਂ ਪੈਨ ਕਾਰਡ/ਆਧਾਰ ਕਾਰਡ/ਪਾਸਪੋਰਟ ;

6) ਰਾਖਵੀਆਂ ਆਸਾਮੀਆਂ ਵਿਰੁੱਧ ਅਪਲਾਈ ਕੀਤੇ ਉਮੀਦਵਾਰ ਹਦਾਇਤਾਂ ਅਨੁਸਾਰ ਲੋੜੀਂਦੇ ਅਸਲ ਸਰਟੀਫਿਕੇਟ;

7) ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰ ਪੰਜਾਬ ਦੇ ਨਿਵਾਸੀ ਹੋਣ ਦੇ ਸਬੂਤ ਵਜੋਂ ਤਾਜਾ ਜਾਰੀ ਕੀਤੇ ਰਿਹਾਇਸ਼ੀ ਸਰਟੀਫਿਕੇਟ ਵੀ ਨਾਲ ਲੈ ਕੇ ਆਉਣ;

8) ਪੱਛੜੀਆਂ ਸ਼੍ਰੇਣੀ ਨਾਲ ਸਬੰਧਤ ਉਮੀਦਵਾਰ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਰੀਮੀਲੇਅਰ ਲਈ ਆਮਦਨ ਆਦਿ ਸਬੰਧੀ ਵੇਰਵਿਆਂ ਦਾ ਜਿਕਰ ਕਰਦੇ ਹੋਏ ਨਿਰਾਧਰਤ ਪ੍ਰੋਫਾਰਮੇ ਅਨੁਸਾਰ ਸਵੈ-ਘੋਸ਼ਣਾ ਪੱਤਰ ਵੀ ਨਾਲ ਲੈ ਕੇ ਆਉਣ ;

9) ਯੋਗਤਾ ਆਦਿ ਸਬੰਧੀ ਸਰਟੀਫਿਕੇਟਾਂ ਦੀਆਂ ਸਵੈ-ਤਸਦੀਕ ਫੋਟੋ ਕਾਪੀਆਂ, ਫਾਈਲ ਕਵਰ ਵਿੱਚ ਨੱਥੀ ਕਰਕੇ ਕਾਉਂਸਲਿੰਗ ਦੌਰਾਨ ਪੇਸ਼ ਕੀਤੀਆਂ ਜਾਣ।

ਸਹੀ/-
ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

ਮਿਤੀ : 05-12-2017